# ਦਹਿਸ਼ਤਗਰਦੀ ਸਾਮਰਾਜ ਅਤੇ ਲੋਟੂ ਜਮਾਤਾਂ ਦੇ ਹੱਥ ਮਜ਼ਬੂਤ ਕਰਦੀ ਹੈ

ਲੰਦਨ ਵਿਚ ਬੰਬ ਧਮਾਕਿਆਂ ਨਾਲ ਸੈਂਕੜੇ ਲੋਕ ਜ਼ਖ਼ਮੀ ਅਤੇ ੫੦ ਤੋਂ ਜ਼ਿਆਦਾ ਲੋਕ ਹਲਾਕ ਹੋ ਗਏ ਹਨ। ਇਹ ਬੰਬ ਧਮਾਕੇ ੭ ਜੁਲਾਈ ਸਵੇਰ ਵੇਲੇ ਲੰਦਨ ਦੀਆਂ ਅੰਡਰ-ਗਰਾਊਂਡ ਗੱਡੀਆਂ ਅਤੇ ਇਕ ਬੱਸ ਵਿਚ ਕੀਤੇ ਗਏ। ਲੋਕਾਂ ਵਿਚ ਇਨ੍ਹਾਂ ਧਮਾਕਿਆਂ ਨਾਲ ਰੋਹ ਅਤੇ ਸਹਿਮ ਫੈਲ ਗਿਆ ਹੈ। ਤਮਾਮ ਦੁਨੀਆ ਦੇ ਲੋਕਾਂ ਨੇ ਇਨ੍ਹਾਂ ਹਮਲਿਆਂ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਟੋਨੀ ਬਲੇਅਰ ਅਤੇ ਬੁਸ਼ ਨੇ ਕਿਹਾ ਹੈ ਕਿ ਉਹ ਇਨ੍ਹਾਂ ਬੰਬ ਧਮਾਕਿਆਂ ਕਰਕੇ ਆਪਣੇ ਇਰਾਦਿਆਂ ਤੋਂ ਨਹੀਂ ਟਲਣਗੇ। ਇਹ ਧਮਾਕੇ ਸਕਾਟਲੈਂਡ ਵਿਖੇ ਚਲ ਰਹੀ ਜੀ-੮ ਮੁਲਕਾਂ ਦੇ ਲੀਡਰਾਂ ਦੀ ਮਿਲਣੀ ਦੇ ਦੌਰਾਨ ਹੋਏ।

ਇਸ ਤੋਂ ਕੁਝ ਦਿਨ ਪਹਿਲਾਂ ਹਿੰਦੁਸਤਾਨ ਵਿਚ ਅਯੋਧਿਆ ਵਿਚ ਰਾਮ ਜਨਮ ਭੂਮੀ ਮੰਦਰ ਤੇ ਵੀ ਕੁਝ ਦਹਿਸ਼ਤਗਰਦਾਂ ਨੇ ਹਮਲਾ ਕੀਤਾ ਜਿਸ ਵਿਚ ਸਾਰੇ ਦੇ ਸਾਰੇ ਦਹਿਸ਼ਤਗਰਦ ਮਾਰੇ ਗਏ ਅਤੇ ਪੁਲਿਸ ਦੇ ਜਵਾਨ ਜ਼ਖਮੀ ਹੋਏ ਤੇ ਇਕ ਮਾਰਿਆ ਵੀ  ਗਿਆ। ਪੁਲੀਸ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਜੇ ਪਤਾ ਨਹੀਂ ਲੱਗਾ ਕਿ ਇਸ ਹਮਲੇ ਲਈ ਕੌਣ ਜ਼ਿੰਮੇਵਾਰ ਹੈ, ਦਹਿਸ਼ਤਗਰਦ ਵਿਦੇਸ਼ੀ ਸਨ ਪਰ ਇਸ ਹਮਲੇ ਪਿੱਛੇ ਪਾਕਿਸਤਾਨ ਦਾ ਹੱਥ ਨਹੀਂ ਲਗਦਾ। ਬੀ.ਜ਼ੇਪੀ. ਅਤੇ ਹੋਰ ਕੁਝ ਜਥੇਬੰਦੀਆਂ ਨੇ ਯੂ.ਪੀ. ਅਤੇ ਹੋਰਨਾ ਥਾਂਵਾਂ ਤੇ ਚੱਕਾ ਜਾਮ ਅਤੇ ਬੰਦ ਵੀ ਕੀਤੇ ਹਨ। ਪਰ ਖ਼ਬਰਾਂ ਮੁਤਾਬਿਕ ਦਹਿਸ਼ਤਗਰਦਾਂ ਬਾਰੇ ਕੋਈ ਪੱਕੀ ਜਾਣਕਾਰੀ ਅਜੇ ਹਾਸਲ ਨਹੀਂ ਹੋਈ ਹੈ।

ਦਹਿਸ਼ਤਗਰਦੀ ਦੇ ਹਮਲਿਆਂ ਦਾ ਨੁਕਸਾਨ ਸਦਾ ਹੀ ਲੋਕਾਂ ਨੂੰ ਹੁੰਦਾ ਹੈ। ਇਸ ਵਿਚ ਵਿਚ ਆਮ ਲੋਕ ਹੀ ਮਾਰੇ ਜਾਂਦੇ ਹਨ ਅਤੇ ਉਨ੍ਹਾਂ ਦਾ ਹੀ ਮਾਲੀ ਨੁਕਸਾਨ ਵੀ ਹੁੰਦਾ ਹੈ। ਹਾਕਮ ਜਮਾਤਾਂ ਇਨ੍ਹਾਂ ਹਮਲਿਆਂ ਦਾ ਬਹਾਨਾ ਵਰਤ ਕੇ ਲੋਕਾਂ ਦੇ ਹੱਕਾਂ ਉੱਤੇ ਹੋਰ ਹਮਲੇ ਜਥੇਬੰਦ ਕਰਦੀਆਂ ਹਨ। ਇਕ ਪਾਸੇ ਲੋਕਾਂ ਦਾ ਨੁਕਸਾਨ ਹੁੰਦਾ ਹੈ ਦੂਜੇ ਪਾਸੇ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਅਦਾਰੇ ਲੋਕਾਂ ਦੇ ਹੱਕਾਂ ਅਤੇ ਆਜ਼ਾਦੀ ਉੱਤੇ ਹਮਲੇ ਕਰਦੇ ਹਨ ਅਤੇ ਸਰਕਾਰੀ ਜਬਰ ਅਤੇ ਦਹਿਸ਼ਤ ਫੈਲਾਉਂਦੇ ਹਨ। ਮਿਸਾਲ ਦੇ ਤੌਰ ਤੇ, ਅਮਰੀਕਾ ਵਿਚ ਵਰਲਡ ਟਰੇਡ ਸੈਂਟਰ ਤੇ ਹੋਏ ਹਮਲੇ ਬਾਅਦ ਅਮਰੀਕਨ ਸਰਕਾਰ ਨੇ `ਪੈਟਰੀਆਟ ਐਕਟ` ਨਾਲ ਲੋਕਾਂ ਦੀ ਆਜ਼ਾਦੀ ਤੇ ਬਹੁਤ ਹੀ ਸੱਟ ਮਾਰੀ ਹੈ। ਕਿਸੇ ਨੂੰ ਬਿਨਾ ਕਿਸੇ ਗੱਲ ਦੇ ਸਿਰਫ਼ ਸ਼ੱਕ ਦੀ ਬੁਨਿਆਦ ਤੇ ਹੀ ਹਿਰਾਸਤ ਵਿਚ ਸਾਲਾਂ ਬੱਧੀ ਰਖਿਆ ਜਾ ਸਕਦਾ ਹੈ। ਇਸ ਦੀ ਕੋਈ ਅਪੀਲ ਜਾਂ ਸੁਣਵਾਈ ਨਹੀਂ ਹੋ ਸਕਦੀ। ਕਚਹਿਰੀਆਂ ਦੇ ਦਰਵਾਜ਼ੇ ਵੀ ਬੰਦ ਕਰ ਦਿਤੇ ਗਏ ਹਨ। ਅਫ਼ਗਾਨਿਸਤਾਨ ਅਤੇ ਇਰਾਕ ਉੱਤੇ ਹਮਲਾ ਕਰਨ ਲਈ ਵੀ ਇਸ ਹਮਲੇ ਦਾ ਬਹਾਨਾ ਹੀ ਵਰਤਿਆ ਗਿਆ ਸੀ। ਜਿਹੜੀ ਗੱਲ  ਕਰਨ ਲਈ ਸਾਮਰਾਜੀ ਆਮ ਤੌਰ ਤੇ ਲੋਕਾਂ ਦੇ ਵਿਰੋਧ ਕਰਕੇ ਝਿਜਕਦੇ ਸੀ ਉਹ ਗੱਲ ਹੁਣ `ਦਹਿਸ਼ਤਗਰਦੀ ਵਿਰੁਧ ਜੰਗ` ਦਾ ਬਹਾਨਾ ਬਣਾ ਕੇ ਸ਼ਰੇਆਮ ਕਰ ਰਹੇ ਹਨ।

ਹਿੰਦੁਸਤਾਨ ਵਿਚ ਪੰਜਾਬ ਵਿਚ ਦੋ ਦਹਾਕੇ ਇਹੋ ਜਿਹੀ ਸਰਕਾਰੀ ਦਹਿਸ਼ਤਗਰਦੀ ਵਿਚ ਬੀਤੇ ਹਨ ਜਿਸ ਵਿਚ ਹਜ਼ਾਰਾਂ ਹੀ ਬੇਗੁਨਾਹ ਨੌਜਵਾਨ ਗਾਇਬ ਕਰ ਦਿਤੇ ਗਏ ਅਤੇ ਅੱਜ ਤਕ ਉਨ੍ਹਾਂ ਬਾਰੇ ਕੋਈ ਸੁਣਵਾਈ ਨਹੀਂ ਹੈ। ਇਹ ਸਭ ਲੋਕ-ਵਿਰੋਧੀ ਹਮਲੇ ਦਹਿਸ਼ਤਗਰਦੀ ਦੇ ਖ਼ਿਲਾਫ਼ ਲੜਾਈ ਦੇ ਬਹਾਨੇ ਹੇਠ ਹੀ ਕੀਤੇ ਗਏ ਸੀ। ਦਹਿਸ਼ਤਗਰਦੀ ਨਾਲ ਕਦੇ ਵੀ ਕਿਸੇ ਲੋਕ ਪੱਖੀ ਲਹਿਰ ਜਾਂ ਤਾਕਤ ਨੂੰ ਫਾਇਦਾ ਨਹੀਂ ਹੋਇਆ ਬਲਕਿ ਲੋਕਾਂ ਦਾ ਨੁਕਸਾਨ ਹੀ ਹੋਇਆ ਹੈ। ਇਸ ਨਾਲ ਤਾਂ ਸਿਰਫ਼ ਲੋਕਾਂ ਦੇ ਦੁਸ਼ਮਣਾਂ, ਸਾਮਰਾਜ ਅਤੇ ਲੋਟੂਆਂ ਦੇ ਹੱਥ ਮਜ਼ਬੂਤ ਹੁੰਦੇ ਹਨ, ਉਨ੍ਹਾਂ ਨੂੰ ਹੀ ਫਾਇਦਾ ਹੁੰਦਾ ਹੈ। ਆਮ ਤੌਰ ਤੇ ਦਹਿਸ਼ਤ ਹਮਲਿਆਂ ਪਿੱਛੇ ਸਾਮਰਾਜ ਅਤੇ ਇਸ ਦੇ ਪਿੱਠੂਆਂ ਦਾ ਹੀ ਹੱਥ ਹੁੰਦਾ ਹੈ ਜਿਸ ਨਾਲ ਇਹ ਲੋਕਾਂ ਦੀ ਸਿਆਸੀ ਲਹਿਰ ਅਤੇ ਏਕਤਾ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਹਨ। ਮਿਸਾਲ ਦੇ ਤੌਰ ਤੇ, ਇਰਾਕ ਉੱਤੇ ਹਮਲੇ ਖ਼ਿਲਾਫ਼ ਅਮਰੀਕਾ ਵਿਚ ਲੋਕਾਂ ਨੂੰ ਲਾਮਬੰਦ ਕਰ ਰਹੀਆਂ ਜਥੇਬੰਦੀਆਂ ਦੇ ਜਲਸਿਆਂ ਵਿਚ ਐਫ.ਬੀ.ਆਈ. ਦੇ ਸਫੈਦੋਪੋਸ਼ ਅਫਸਰ ਹੀ ਇਮਾਰਤਾਂ ਅਤੇ ਪੁਲਾਂ ਨੂੰ ਉਡਾਉਣ ਦੀਆਂ ਤਜਵੀਜ਼ਾਂ ਪੇਸ਼ ਕਰਦੇ ਸੀ। ਲੋਕਾਂ ਦੀ ਚੌਕਸੀ ਅਤੇ ਹੁਸ਼ਿਆਰੀ ਨਾਲ ਉਨ੍ਹਾਂ ਦਾ ਪਰਦਾ ਫਾਸ਼ ਹੋ ਗਿਆ ਸੀ।

ਲੋਕਾਂ ਨੂੰ ਇਸ ਦਹਿਸ਼ਤਗਰਦੀ ਅਤੇ ਸਾਮਰਾਜ ਦੀ ਹੁੱਲੜਬਾਜ਼ੀ ਖ਼ਿਲਾਫ਼ ਚੌਕਸ ਰਹਿਣ ਅਤੇ ਆਪਣੀ ਸਿਆਸੀ ਅਤੇ ਲੋਕ ਲਹਿਰ ਨੂੰ ਹੋਰ ਮਜ਼ਬੂਤ ਕਰਕੇ ਸਭਨਾਂ ਦੇ ਹੱਕਾਂ ਦੀ ਰਾਖੀ ਕਰਨ ਦੀ ਲੋੜ ਹੈ। ਦਹਿਸ਼ਤਗਰਦੀ ਦੇ ਬਹਾਨੇ ਹੇਠ ਸਾਮਰਾਜ ਅਤੇ ਹਾਕਮ ਜਮਾਤਾਂ ਦੇ ਹਮਲਿਆਂ ਦਾ ਮੂੰਹ ਤੋੜ ਜਵਾਬ ਦੇਣ ਦੀ ਲੋੜ ਹੈ। ਦਹਿਸ਼ਤਗਰਦੀ ਲਈ ਜ਼ਿੰਮੇਵਾਰ ਬੰਦਿਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਸਾਮਰਾਜ ਅਤੇ ਲੋਟੂ ਜਮਾਤਾਂ ਦਹਿਸ਼ਤਗਰਦੀ ਦੀਆਂ ਵਾਰਦਾਤਾਂ ਨੂੰ ਲੈ ਕੇ ਉਲਟਾ ਲੋਕਾਂ ਉੱਤੇ ਹੀ ਤਸ਼ੱਦਦ ਢਾਉਂਦੇ ਹਨ ਅਤੇ ਲੋਕਾਂ ਵਿਰੁਧ ਆਪਣੇ ਹੱਥ ਮਜ਼ਬੂਤ ਕਰਦੇ ਹਨ। ਲੰਦਨ ਦੇ ਇਨ੍ਹਾਂ ਧਮਾਕਿਆਂ ਨੂੰ ਟੋਨੀ ਬਲੇਅਰ ਅਤੇ ਬੁਸ਼, ਜੋ ਕਿ ਬਹੁਤ ਬਦਨਾਮ ਹੋ ਚੁਕੇ ਹਨ, ਇੰਗਲੈਂਡ ਅਤੇ ਦੁਨੀਆ ਦੇ ਤਮਾਮ ਲੋਕਾਂ ਦੇ ਖ਼ਿਲਾਫ਼ ਵਰਤਣ ਦੀ ਕੋਸ਼ਿਸ਼ ਕਰਨਗੇ ਅਤੇ ਆਪਣੇ ਆਪ ਨੂੰ ਇਨਸਾਫ ਪਸੰਦ, ਦਹਿਸ਼ਤਗਰਦੀ ਦੇ ਸ਼ਿਕਾਰ ਹੋਏ ਪੇਸ਼ ਕਰਨ ਦੀ ਕੋਸ਼ਿਸ਼ ਕਰਕੇ ਲੋਕਾਂ ਦੀ ਹਮਦਰਦੀ ਜਿਤਣ ਦੀ ਕੋਸ਼ਿਸ਼ ਕਰਨਗੇ ਅਤੇ ਸਰਕਾਰੀ ਦਹਿਸ਼ਤਗਰਦੀ ਫੈਲਾਉਣਗੇ।